**ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ- ਸਟੇਟ ਪ੍ਰੋਜੈਕਟ ਡਾਇਰੈਕਟਰ**
**ਐਸ.ਸੀ.ਓ. ਨੰ: 104-106, ਸੈਕਟਰ 34-ਏ, ਚੰਡੀਗੜ੍ਹ**

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ)/ਐ.ਸਿ)
ਪੰਜਾਬ

ਮੀਮੋ ਨੰ: ਡਿ.ਐਸ.ਪੀ.ਡੀ/ਐਸ.ਐਸ.ਏ/2010/22885-22934
ਮਿਤੀ, ਚੰਡੀਗੜ੍ਹ:1-02-2010

ਹਵਾਲਾ:- ਪੀ.ਈ.ਡੀ.ਏ/2899-2937,ਮਿਤੀ 7 ਅਕਤੂਬਰ 2009 ਅਤੇ ਡੀ.ਓ ਨੰ:10/123/04-ਐਸ.ਟੀ.ਈ(3)3436, ਮਿਤੀ 11 ਸਤੰਬਰ 2009

**ਵਿਸ਼ਾ:- ਸਰਕਾਰੀ ਦਫਤਰਾਂ/ਸਕੂਲਾਂ ਵਿੱਚ ਕੰਮਪੈਕਟ ਫਲੋਰੋਸੈਂਟ ਲੈਂਪਾਂ ਦੀ ਲਾਜ਼ਮੀ ਵਰਤੋਂ ਸੰਬੰਧੀ।**

1.0 ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਪੰਜਾਬ ਸਰਕਾਰ ਦੇ ਸਾਇੰਸ ਤਕਨਾਲੋਜੀ ਵਾਤਾਵਰਨ ਅਤੇ ਗੈਰ ਰਵਾਇਤੀ ਊਰਜਾ ਵਿਭਾਗ ਦੇ ਪੱਤਰ ਨੰ:2/123/05-ਐਸ.ਟੀ.ਈ-(3)1950 ਮਿਤੀ 20-05-2008 ਅਤੇ ਪੱਤਰ ਨੰ:2/123/05-ਐਸ.ਟੀ.ਈ-(3)370 ਮਿਤੀ 20-01-2006 ਅਤੇ ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ 20 ਜਨਵਰੀ/6 ਫਰਵਰੀ 2006 ਦੀ ਰੋਸ਼ਨੀ ਵਿੱਚ ਲਿਖਿਆ ਜਾਂਦਾ ਹੈ ਕਿ ਮੌਜੂਦਾ ਸਮੇਂ ਦੌਰਾਨ ਪੂਰਾ ਭਾਰਤ ਊਰਜਾ ਸੰਕਟ ਦੇ ਦੌਰ ਵਿੱਚੋਂ ਗੁਜ਼ਰ ਰਿਹਾ ਹੈ ਅਤੇ ਪੰਜਾਬ ਵਿੱਚ ਕਿਸੇ ਵੀ ਖੇਤਰ ਨੂੰ ਲੋੜ ਅਨੁਸਾਰ ਬਿਜਲੀ ਉਪਲਬਧ ਨਹੀਂ ਹੋ ਰਹੀ। ਇਸ ਊਰਜਾ ਸੰਕਟ ਨੂੰ ਨਜਿੱਠਣ ਲਈ ਕੁਝ ਠੋਸ ਕਦਮ ਉਠਾਉਣ ਦੀ ਲੋੜ ਹੈ ਇਸਦੇ ਸੰਬੰਧ ਵਿੱਚ ਆਪ ਵੱਲੋਂ ਆਪਣੇ ਜਿਲ੍ਹੇ ਅਧੀਨ ਪੈਂਦੇ ਜ਼ਿਲ੍ਹੇ ਦੇ ਸਾਰੇ ਸਰਕਾਰੀ ਸਕੂਲਾਂ ਅਤੇ ਸਿੱਖਿਆ ਦਫਤਰਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਜਾਣ ਕਿ ਨਵੀਆਂ ਬਣ ਰਹੀਆਂ ਇਮਾਰਤਾਂ ਵਿੱਚ ਰਵਾਇਤੀ ਬੱਲਬਾਂ ਦੀ ਬਜਾਏ ਕੰਮਪੈਕਟ ਫਲੋਰੋਸੈਂਟ ਲੈਂਪਾਂ(CFL) ਦੀ ਵਰਤੋਂ ਕੀਤੀ ਜਾਵੇ ਅਤੇ ਪਹਿਲਾਂ ਬਣੀਆਂ ਇਮਾਰਤਾਂ ਵਿੱਚ ਕਿਸੇ ਬੱਲਬ ਦੇ ਟੁੱਟਣ ਜਾਂ ਖਰਾਬ ਹੋਣ ਤੋਂ ਬਾਅਦ ਉਸਦੀ ਜਗ੍ਹਾ (CFL) ਹੀ ਲਗਾਏ ਜਾਣ ਤਾਂ ਜੋ ਬਿਜਲੀ ਬਿਲਾਂ ਦੇ ਵਿੱਚ ਕਟੌਤੀ ਕਰਕੇ ਊਰਜਾ ਸੰਰਖਿਅਣ ਕੀਤਾ ਜਾ ਸਕੇ। ਇਸੇ ਲੀਹ ਤੇ ਚੱਲਦਿਆਂ ਜਿੱਥੇ ਵੀ ਸੰਭਵ ਹੋਵੇ, ਊਰਜਾ ਸਰੰਖਿਅਣ ਵਾਲੇ ਬਿਜਲੀ ਯੰਤਰਾਂ ਦੀ ਵਰਤੋਂ ਕੀਤੀ ਜਾਵੇ।

3.0 ਉਪਰੋਕਤ ਸੰਬੰਧੀ ਵਿਦਿਆਰਥੀਆਂ ਨੂੰ ਵੀ ਊਰਜਾ ਸਰੰਖਿਅਣ ਸੰਬੰਧੀ ਅਤੇ ਸੀ.ਐਫ.ਐਲ ਲੈਂਪਾਂ ਦੀ ਵਰਤੋਂ ਕਰਨ ਸੰਬੰਧੀ ਪ੍ਰੇਰਿਤ ਕੀਤਾ ਜਾਵੇ।

ਇਸਦੀ ਪਾਲਣਾ ਯਕੀਨੀ ਬਣਾਈ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ ਚੰਡੀਗੜ੍ਹ**

**ਪਿੱਠ ਅੰਕਣ ਨੰ:** ਡਿ.ਐਸ.ਪੀ.ਡੀ/ਐਸ.ਐਸ.ਏ/2010/22935-22936 **ਮਿਤੀ, ਚੰਡੀਗੜ੍ਹ:** 1-02-2010

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮੰਡਲ ਸਿੱਖਿਆ ਅਫਸਰ ਫਰੀਦਕੋਟ, ਜਲੰਧਰ ਅਤੇ ਪਟਿਆਲਾ ਐਟ ਨਾਭਾ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ ਚੰਡੀਗੜ੍ਹ**